ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27,2027-28 ਅਤੇ 2028-2029 ਤੱਕ

ਬੀ.ਏ. ਭਾਗ ਤੀਜਾ (ਸਮੈਸਟਰ ਪੰਜਵਾਂ)

ਮੁੱਖ ਕੋਰਸ

ਪੇਪਰ: ਪੰਜਾਬੀ ਸਾਹਿਤ-5

ਪੇਪਰ ਕੋਡ: BA501

ਉਦੇਸ਼ ਅਤੇ ਸੰਭਾਵੀ ਨਤੀਜੇ

ਉਦੇਸ਼:

1. ਕਲਾਸੀਕਲ ਸਾਹਿਤ ਨਾਲ ਜੋੜਨਾ: ਵਿਦਿਆਰਥੀਆਂ ਨੂੰ 1700 ਈਸਵੀ ਤੱਕ ਦੇ ਪੁਰਾਤਨ ਪੰਜਾਬੀ ਕਾਵਿ (ਗੁਰਮਤਿ, ਸੂਫ਼ੀ ਅਤੇ ਕਿੱਸਾ ਕਾਵਿ) ਦੀਆਂ ਪਰੰਪਰਾਵਾਂ ਅਤੇ ਇਤਿਹਾਸਕ ਮਹੱਤਵ ਤੋਂ ਜਾਣੂ ਕਰਵਾਉਣਾ।

2. ਆਲੋਚਨਾਤਮਕ ਦ੍ਰਿਸ਼ਟੀ ਦਾ ਵਿਕਾਸ: ਕਿਸੇ ਕਾਵਿ-ਟੁਕੜੇ ਜਾਂ ਕਵਿਤਾ ਦੀ 'ਸਾਹਿਤਕ ਪਰਖ' ਰਾਹੀਂ ਵਿਦਿਆਰਥੀਆਂ ਵਿੱਚ ਸਾਹਿਤ ਨੂੰ ਪਰਖਣ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਪੈਦਾ ਕਰਨਾ।

3. ਨਾਟਕੀ ਸਿਧਾਂਤਾਂ ਦੀ ਸਮਝ: ਨਾਟਕ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਇਸ ਦੇ ਜ਼ਰੂਰੀ ਤੱਤਾਂ ਬਾਰੇ ਸਿਧਾਂਤਕ ਜਾਣਕਾਰੀ ਦੇਣਾ।

4. ਰੰਗਮੰਚੀ ਚੇਤਨਾ: ਸਾਹਿਤਕ ਰਚਨਾ (ਨਾਟਕ) ਅਤੇ ਰੰਗਮੰਚ (Stage) ਦੇ ਆਪਸੀ ਸੰਬੰਧਾਂ ਨੂੰ ਸਪੱਸ਼ਟ ਕਰਨਾ ਤਾਂ ਜੋ ਵਿਦਿਆਰਥੀ ਨਾਟਕ ਦੀ ਪੇਸ਼ਕਾਰੀ ਨੂੰ ਸਮਝ ਸਕਣ।

5. ਸਮਾਜਿਕ ਤੇ ਸਭਿਆਚਾਰਕ ਚੇਤਨਾ: ਅਜਮੇਰ ਸਿੰਘ ਔਲਖ ਦੇ ਨਾਟਕ 'ਨਿਉਂ ਜੜ੍ਹ' ਰਾਹੀਂ ਪੰਜਾਬੀ ਸਮਾਜ ਦੀਆਂ ਸਮੱਸਿਆਵਾਂ ਅਤੇ ਮਨੁੱਖੀ ਸੰਵੇਦਨਾਵਾਂ ਦੀ ਪਛਾਣ ਕਰਵਾਉਣਾ।

ਸੰਭਾਵੀ ਨਤੀਜੇ:

1. ਇਤਿਹਾਸਕ ਮੁਹਾਰਤ: ਵਿਦਿਆਰਥੀ 1700 ਈਸਵੀ ਤੱਕ ਦੇ ਕਵੀਆਂ ਦੇ ਯੋਗਦਾਨ ਅਤੇ ਉਸ ਸਮੇਂ ਦੇ ਕਾਵਿ-ਰੂਪਾਂ ਬਾਰੇ ਵਿਸਥਾਰ-ਪੂਰਵਕ ਚਰਚਾ ਕਰਨ ਦੇ ਯੋਗ ਹੋਣਗੇ।

2. ਵਿਆਖਿਆ ਅਤੇ ਵਿਸ਼ਲੇਸ਼ਣ: ਵਿਦਿਆਰਥੀ ਕਿਸੇ ਵੀ ਅਣਡਿੱਠੀ ਕਾਵਿ-ਟੁਕੜੀ ਦਾ ਸਾਹਿਤਕ ਅਤੇ ਸ਼ਿਲਪਕ ਪੱਖ ਤੋਂ ਮੁਲਾਂਕਣ ਕਰਨ ਦੇ ਸਮਰੱਥ ਹੋ ਜਾਣਗੇ।

3. ਨਾਟਕੀ ਸੂਝ-ਬੂਝ: ਵਿਦਿਆਰਥੀ ਨਾਟਕ ਦੀ ਬਣਤਰ ਅਤੇ ਤੱਤਾਂ (ਜਿਵੇਂ ਪਾਤਰ-ਚਿਤਰਨ, ਵਾਰਤਾਲਾਪ ਅਤੇ ਪਲਾਟ ਜਾਂ ਗੋਂਦ ਆਦਿ) ਨੂੰ ਕਿਸੇ ਵੀ ਨਾਟਕੀ ਕਿਰਤ ਉੱਤੇ ਲਾਗੂ ਕਰਕੇ ਦੇਖ ਸਕਣਗੇ।

4. ਪੰਜਾਬੀ ਰੰਗਮੰਚ ਦੀ ਸਮਝ: ਵਿਦਿਆਰਥੀ ਪੰਜਾਬੀ ਨਾਟਕ ਦੇ ਵਿਕਾਸ ਅਤੇ ਰੰਗ-ਮੰਚੀ ਤਕਨੀਕਾਂ ਬਾਰੇ ਡੂੰਘੀ ਜਾਣਕਾਰੀ ਹਾਸਲ ਕਰ ਲੈਣਗੇ।

5. ਸਿਰਜਣਾਤਮਕ ਸੋਚ: ਅਜਮੇਰ ਔਲਖ ਵਰਗੇ ਚੋਟੀ ਦੇ ਨਾਟਕਕਾਰ ਦੀ ਸ਼ੈਲੀ ਨੂੰ ਪੜ੍ਹ ਕੇ ਵਿਦਿਆਰਥੀਆਂ ਵਿੱਚ ਸਾਹਿਤਕ ਸਿਰਜਣਾ ਅਤੇ ਸਮਾਜਿਕ ਮੁੱਦਿਆਂ ਨੂੰ ਕਲਾ ਰਾਹੀਂ ਪੇਸ਼ ਕਰਨ ਦੀ ਰੁਚੀ ਪੈਦਾ ਹੋਵੇਗੀ।

ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27,2027-28 ਅਤੇ 2028-2029 ਤੱਕ

ਬੀ.ਏ. ਭਾਗ ਤੀਜਾ (ਸਮੈਸਟਰ ਪੰਜਵਾਂ)

ਮੁੱਖ ਕੋਰਸ

ਪੇਪਰ: ਪੰਜਾਬੀ ਸਾਹਿਤ-5

ਪੇਪਰ ਕੋਡ: BA501

ਕੁੱਲ ਅੰਕ: 100 **ਬਾਹਰੀ ਪ੍ਰੀਖਿਆ: 70 ਅੰਕ**

ਅੰਦਰੂਨੀ ਮੁਲਾਂਕਣ: 30 ਅੰਕ **ਪਾਸ ਹੋਣ ਅੰਕ: 35%**

ਕ੍ਰੈਡਿਟ: 04 **ਸਮਾਂ: 3 ਘੰਟੇ**

ਅਧਿਆਪਨ: 06 ਪੀਰੀਅਡ ਪ੍ਰਤੀ ਹਫ਼ਤਾ

ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ - ੳ

1. ਪੁਸਤਕ: ਪੁਰਾਤਨ ਪੰਜਾਬੀ ਕਾਵਿ ਸੰਗ੍ਰਹਿ (1700 ਈਸਵੀ ਤੱਕ), ਡਾ. ਜਸਵਿੰਦਰ ਸਿੰਘ (ਮੁੱਖ ਸੰਪਾਦਕ), ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਗੁਰਸ਼ਰਨ ਕੌਰ ਜੱਗੀ (ਸੰਪਾਦਕ)।

ਉਪਰੋਕਤ ਪੁਸਤਕ ਵਿੱਚੋਂ ਪਾਠਕ੍ਰਮ ਲਈ ਲਾਗੂ ਰਚਨਾਵਾਂ ਦਾ ਵੇਰਵਾ:

(i) ਗੋਰਖ ਨਾਥ: ਪੁਸਤਕ ਵਿੱਚ ਸ਼ਾਮਿਲ ਸਾਰੀ ਰਚਨਾ।

(ii) ਪੁਰਾਤਨ ਵਾਰਾਂ ਵਿੱਚੋਂ: ਪੁਸਤਕ ਵਿੱਚ ਸ਼ਾਮਿਲ ਸਾਰੀ ਰਚਨਾ।

(iii)ਸ਼ੇਖ਼ ਫ਼ਰੀਦ ਜੀ: ਪੁਸਤਕ ਵਿੱਚ ਸ਼ਾਮਿਲ ਸਾਰੀ ਰਚਨਾ।

(iv) ਭਗਤ ਨਾਮਦੇਵ ਜੀ (ਸ਼ਬਦ):

1. ਆਨੀਲੇ ਕੁੰਭ ਠਰਾਈਲੇ ਉਦਕ
2. ਮੈ ਰੋਵਉ ਦੇਹਿ ਤ ਕਵਨ ਬਡਾਈ
3. ਮੈ ਅੰਧੁਲੇ ਕੀ ਟੇਕ
4. ਮੋ ਕਉ ਤਾਰਿ ਲੇ
5. ਆਨੀਲੇ ਕਾਗਦੁ ਕਾਟੀਲੇ ਗੂਡੀ

(v) ਭਗਤ ਰਵਿਦਾਸ ਜੀ (ਸ਼ਬਦ):

1. ਤੋਹੀ ਮੋਹੀ ਮੋਹੀ ਤੋਹੀ
2. ਕੂਪੁ ਭਰਿਓ ਜੈਸੇ ਦਾਦਿਰਾ
3. ਤੁਮ ਚੰਦਨ ਹਮ ਇਰੰਡ ਬਾਪੁਰੇ
4. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ

5. ਦੂਧੁ ਤ ਬਛਰੈ ਥਨਹੁ ਬਿਟਾਰਿਓ

6. ਜਬ ਹਮ ਹੋਤੇ ਤਬ ਤੂ ਨਾਹੀ

(vi) ਗੁਰੂ ਨਾਨਕ ਦੇਵ ਜੀ (ਬਾਣੀ/ਸ਼ਬਦ):

1. ਜੈ ਘਰਿ ਕੀਰਤਿ ਆਖੀਐ

2. ਛਿਅ ਘਰ ਛਿਅ ਗੁਰ ਛਿਅ ਉਪਦੇਸ

3. ਆਰਤੀ

4. ਗਲੀ ਅਸੀ ਚੰਗੀਆ

5. ਖੁਰਾਸਾਨ ਖਸਮਾਨਾ ਕੀਆ

6. ਸਿੰਮਲ ਰੁਖੁ ਸਰਾਇਰਾ

7. ਭੰਡਿ ਜੰਮੀਐ ਭੰਡਿ ਨਿੰਮੀਐ

8. ਮਨ ਮੰਦਰੁ ਤਨੁ ਵੇਸ ਕਲੰਦਰ

(vii) ਗੁਰੂ ਅਰਜੁਨ ਦੇਵ ਜੀ (ਬਾਣੀ/ਸ਼ਬਦ):

1. ਪ੍ਰਭ ਕੈ ਸਿਮਰਨਿ ਗਰਭਿ ਨ ਬਸੈ

2. ਚਾਰਿ ਪਦਾਰਥ ਜੋ ਕੋ ਮਾਗੈ

3. ਸਾਧ ਕੀ ਮਹਿਮਾ ਬੇਦ ਨ ਜਾਨਹਿ

4. ਬ੍ਰਹਮ ਗਿਆਨੀ ਸਦਾ ਨਿਰਲੇਪ

5. ਊਠਤ ਸੁਖੀਆ ਬੈਠਤ ਸੁਖੀਆ

6. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

(viii) ਭਾਈ ਗੁਰਦਾਸ ਜੀ: ਪੁਸਤਕ ਵਿੱਚ ਦਰਜ ਪਉੜੀ ਨੰਬਰ: 1, 2, 3, 4, 12, 16, 23

(ix) ਹੀਰ ਦਮੋਦਰ (ਪ੍ਰਸੰਗ):

1. ਮੰਗਲਾਚਰਨ

2. ਹੀਰ ਦਾ ਜਨਮ ਤੇ ਬਾਲ ਵਰੇਸ

3. ਭਰਾਵਾਂ ਵੱਲੋਂ ਧੀਦੇ ਨੂੰ ਮਾਰਨ ਦਾ ਮਤਾ

4. ਧੀਦੋ ਦਾ ਹਜ਼ਾਰਿਓਂ ਨਿਕਲ ਜਾਣਾ

5. ਰਾਂਝੇ ਨੂੰ ਪੰਜ ਪੀਰਾਂ ਦਾ ਮਿਲਣਾ

6. ਹੀਰ ਮਾਂ ਨੂੰ

7. ਹੀਰ ਰਾਂਝੇ ਨੂੰ

(x) ਕਾਫ਼ੀਆਂ ਸ਼ਾਹ ਹੁਸੈਨ:

1. ਰੱਬਾ ਮੇਰੇ ਹਾਲ ਦਾ ਮਹਿਰਮ ਤੂੰ

2. ਸਾਹਿਬ ਤੇਰੀ ਬੰਦੀ ਹਾਂ

3. ਮਉਤ ਵਟੇਂਦੜੀ ਰੱਸੇ

4. ਮੈਂ ਵੀ ਝੋਕ ਰਾਂਝਣ ਦੀ ਜਾਣਾ

5. ਬੰਦੇ ਆਪੁ ਨੂੰ ਪਛਾਣ

6. ਪਿਆਰੇ ਬਿਨੁ ਰਾਤੀਂ ਹੋਈਆਂ ਵੱਡੀਆਂ

7. ਮਾਏ ਨੀ ਕੈਣੂੰ ਆਖਾਂ

8. ਮਨ ਅਟਕਿਆ ਬੇਪਰਵਾਹਿ ਦੇ ਨਾਲਿ

(xi) ਗੁਰੂ ਤੇਗ ਬਹਾਦਰ ਜੀ: ਪੁਸਤਕ ਵਿੱਚ ਸ਼ਾਮਿਲ ਸਾਰੀ ਰਚਨਾ।

(xii) ਗੁਰੂ ਗੋਬਿੰਦ ਸਿੰਘ ਜੀ:

- ਚੰਡੀ ਦੀ ਵਾਰ ਵਿੱਚੋਂ: ਪੁਸਤਕ ਵਿੱਚ ਦਰਜ ਬੰਦ/ਸ਼ਬਦ ਨੰਬਰ: 1, 2, 5, 10, 11, 13, 15, 18, 23
- ਹੋਰ ਸ਼ਬਦ:
  1. ਖਾਲਸਾ ਮੇਰੋ ਰੂਪ ਹੈ ਖਾਸ
  2. ਕੋਊ ਭਇਓ ਮੁੰਡੀਆ ਸੰਨਿਆਸੀ
  3. ਮਿਤ੍ਰ ਪਿਆਰੇ ਨੂੰ
  4. ਰਾਗੁ ਰਾਮਕਲੀ

2. ਸਾਹਿਤਿਕ ਪਰਖ (ਕਿਸੇ ਕਵਿਤਾ ਜਾਂ ਕਾਵਿ ਟੁਕੜੇ ਦੀ)।

ਭਾਗ - ਅ

1. ਨਾਟਕ: ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ, ਨਾਟਕ ਅਤੇ ਰੰਗਮੰਚ

2. ਪੰਜਾਬੀ ਨਾਟਕ: ਨਿਉਂ ਜੜ੍ਹ - ਅਜਮੇਰ ਸਿੰਘ ਔਲਖ

ਭਾਗ - ਏ

ਉਪਰੋਕਤ ਸੰਪੂਰਨ ਪਾਠਕ੍ਰਮ ਦੇ ਅਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। (11 x 2 = 22 ਅੰਕ)

ਅੰਕ ਵੰਡ ਅਤੇ ਪੇਪਰ ਸੈਟਰ/ਪ੍ਰੀਖਿਆਰਥੀ ਲਈ ਹਦਾਇਤਾਂ

1. ਪ੍ਰਸ਼ਨ 1 (ਭਾਗ ੳ ਵਿੱਚੋਂ): 'ਪੁਰਾਤਨ ਪੰਜਾਬੀ ਕਾਵਿ ਸੰਗ੍ਰਹਿ (1700 ਈ. ਤੱਕ)' ਵਿੱਚੋਂ ਕਿਸੇ ਕਵਿਤਾ ਦੇ ਵਿਸ਼ਾ-ਵਸਤੂ, ਕਵੀ ਬਾਰੇ ਜਾਣਕਾਰੀ ਅਤੇ ਉਸ ਦੇ ਯੋਗਦਾਨ ਸੰਬੰਧੀ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਹਨ੍ਹਾਂ ਵਿੱਚੋਂ ਪ੍ਰੀਖਿਆਰਥੀ ਨੇ ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ। (ਅੰਕ: 12)

2. ਪ੍ਰਸ਼ਨ 2 (ਭਾਗ ੳ ਵਿੱਚੋਂ): ਕਿਸੇ ਕਵਿਤਾ ਜਾਂ ਕਾਵਿ ਟੁਕੜੇ ਦੀ ਸਾਹਿਤਕ ਪਰਖ ਸੰਬੰਧੀ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਪ੍ਰੀਖਿਆਰਥੀ ਨੇ ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ। (ਅੰਕ: 12)

3. ਪ੍ਰਸ਼ਨ 3 (ਭਾਗ ਅ-1 ਵਿੱਚੋਂ): ਨਾਟਕ ਦੀ ਪਰਿਭਾਸ਼ਾ, ਪ੍ਰਕਿਰਤੀ, ਤੱਤ ਅਤੇ ਰੰਗਮੰਚ ਸੰਬੰਧੀ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ। (ਅੰਕ: 12)

4. ਪ੍ਰਸ਼ਨ 4 (ਭਾਗ ਅ-2 ਵਿੱਚੋਂ): ਪੰਜਾਬੀ ਨਾਟਕ 'ਨਿਉਂ ਜੜ੍ਹ' (ਅਜਮੇਰ ਸਿੰਘ ਔਲਖ) ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ। (ਅੰਕ: 12)

5. ਪ੍ਰਸ਼ਨ 5 (ਭਾਗ ਏ ਵਿੱਚੋਂ): ਸਾਰੇ ਪਾਠਕ੍ਰਮ ਦੇ ਅਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। (11 x 2 = 22 ਅੰਕ)

ਸਹਾਇਕ ਪਾਠ ਸਮੱਗਰੀ

1. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

2. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005।

3. ਸੁਰਜੀਤ ਸਿੰਘ ਸੇਠੀ, ਨਾਟਕਕਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

4. ਹਰਸਰਨ ਸਿੰਘ, ਥੀਏਟਰ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ।

5. ਖੋਜ ਪੱਤ੍ਰਿਕਾ (ਨਾਟ-ਸ਼ੈਲੀਆਂ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 45, ਮਾਰਚ 1997।

ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27,2027-28 ਅਤੇ 2028-2029 ਤੱਕ

ਬੀ.ਏ.ਭਾਗ ਤੀਜਾ (ਸਮੈਸਟਰ ਛੇਵਾਂ)

ਮੁੱਖ ਕੋਰਸ

ਪੰਜਾਬੀ ਸਾਹਿਤ-6

ਪੇਪਰ ਕੋਡ: BA601

ਉਦੇਸ਼ ਅਤੇ ਸੰਭਾਵੀ ਨਤੀਜੇ

ਉਦੇਸ਼:

1. ਸਾਹਿਤਕ ਇਤਿਹਾਸਕਾਰੀ ਦੀ ਸਮਝ: ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਆਦਿ ਕਾਲ ਤੋਂ 1700 ਈ. ਤੱਕ ਦੇ ਸਫ਼ਰ, ਪ੍ਰਮੁੱਖ ਸਾਹਿਤਕ ਧਾਰਾਵਾਂ (ਗੁਰਮਤਿ, ਸੂਫ਼ੀ, ਕਿੱਸਾ ਅਤੇ ਬੀਰ ਕਾਵਿ) ਅਤੇ ਉਸ ਦੌਰ ਦੀਆਂ ਪ੍ਰਵਿਰਤੀਆਂ ਤੋਂ ਜਾਣੂ ਕਰਵਾਉਣਾ।

2. ਸਾਹਿਤਕ ਸਿਧਾਂਤ ਅਤੇ ਅੰਤਰ-ਅਨੁਸ਼ਾਸਨੀ ਪਹੁੰਚ: ਸਾਹਿਤ ਦੀ ਪਰਿਭਾਸ਼ਾ, ਤੱਤਾਂ ਅਤੇ ਪ੍ਰਯੋਜਨ ਨੂੰ ਸਮਝਾਉਣਾ ਅਤੇ ਇਹ ਸਪੱਸ਼ਟ ਕਰਨਾ ਕਿ ਸਾਹਿਤ ਦਾ ਸਮਾਜ, ਮਨੋਵਿਗਿਆਨ, ਇਤਿਹਾਸ ਅਤੇ ਰਾਜਨੀਤੀ ਵਰਗੇ ਹੋਰ ਵਿਸ਼ਿਆਂ ਨਾਲ ਕੀ ਸੰਬੰਧ ਹੈ।

3. ਵਾਰਤਕ ਰੂਪਾਂ ਦਾ ਗਿਆਨ: ਸਫ਼ਰਨਾਮਾ, ਜੀਵਨੀ ਅਤੇ ਸਵੈ-ਜੀਵਨੀ ਵਰਗੇ ਮਹੱਤਵਪੂਰਨ ਵਾਰਤਕ ਰੂਪਾਂ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਉਹਨਾਂ ਦੇ ਮੂਲ ਤੱਤਾਂ ਬਾਰੇ ਸਿਧਾਂਤਕ ਜਾਣਕਾਰੀ ਦੇਣਾ।

4. ਆਧੁਨਿਕ ਵਾਰਤਕ ਨਾਲ ਸਾਂਝ: ਜੰਗ ਬਹਾਦੁਰ ਗੋਇਲ ਦੀ ਪੁਸਤਕ 'ਸਾਹਿਤ ਸੰਜੀਵਨੀ' ਰਾਹੀਂ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਵਾਰਤਕ ਦੀ ਸ਼ੈਲੀ ਅਤੇ ਵਿਸ਼ਾ-ਵਸਤੂ ਨਾਲ ਜੋੜਨਾ।

5. ਆਲੋਚਨਾਤਮਕ ਦ੍ਰਿਸ਼ਟੀ ਦਾ ਵਿਕਾਸ: ਵਿਦਿਆਰਥੀਆਂ ਵਿੱਚ ਸਾਹਿਤ ਨੂੰ ਸਿਰਫ਼ ਪੜ੍ਹਨ ਦੀ ਬਜਾਏ ਉਸ ਦੇ ਪਿੱਛੇ ਕਾਰਜਸ਼ੀਲ ਵਿਚਾਰਧਾਰਾ ਅਤੇ ਪ੍ਰਸੰਗ ਨੂੰ ਸਮਝਣ ਦੀ ਰੁਚੀ ਪੈਦਾ ਕਰਨਾ।

ਸੰਭਾਵੀ ਨਤੀਜੇ:

1. ਇਤਿਹਾਸਕ ਚੇਤਨਾ: ਵਿਦਿਆਰਥੀ ਪੰਜਾਬੀ ਸਾਹਿਤ ਦੇ ਮੁੱਢਲੇ ਵਿਕਾਸ ਪੜਾਅ ਦੀ ਪਛਾਣ ਕਰ ਸਕਣਗੇ ਅਤੇ ਮੱਧਕਾਲੀ ਸਾਹਿਤ ਦੇ ਮਹੱਤਵ ਨੂੰ ਇਤਿਹਾਸਕ ਸੰਦਰਭ ਵਿੱਚ ਸਮਝਣਗੇ।

2. ਸਿਧਾਂਤਕ ਨਿਪੁੰਨਤਾ: ਵਿਦਿਆਰਥੀ ਸਾਹਿਤਕ ਤੱਤਾਂ ਅਤੇ ਹੋਰ ਅਨੁਸ਼ਾਸਨਾਂ ਦੇ ਆਪਸੀ ਸੰਬੰਧਾਂ ਦੀ ਵਿਆਖਿਆ ਕਰਨ ਦੇ ਸਮਰੱਥ ਹੋਣਗੇ, ਜਿਸ ਨਾਲ ਉਹਨਾਂ ਦੀ ਬੌਧਿਕ ਸਮਰੱਥਾ ਵਧੇਗੀ।

3. ਰੂਪਗਤ ਪਛਾਣ: ਵਿਦਿਆਰਥੀ ਵੱਖ-ਵੱਖ ਵਾਰਤਕ ਰੂਪਾਂ (ਜੀਵਨੀ, ਸਫ਼ਰਨਾਮਾ ਆਦਿ) ਵਿੱਚ ਨਿਖੇੜਾ ਕਰ ਸਕਣਗੇ ਅਤੇ ਇਹਨਾਂ ਦੀ ਰਚਨਾ ਪ੍ਰਕਿਰਿਆ ਦੇ ਨਿਯਮਾਂ ਤੋਂ ਜਾਣੂ ਹੋਣਗੇ।

4. ਲੇਖਣ ਅਤੇ ਵਿਸ਼ਲੇਸ਼ਣ ਕਲਾ: ਸਫ਼ਰਨਾਮੇ ਅਤੇ ਜੀਵਨੀ ਵਰਗੇ ਰੂਪਾਂ ਦੇ ਅਧਿਐਨ ਨਾਲ ਵਿਦਿਆਰਥੀਆਂ ਵਿੱਚ ਖੁਦ ਲਿਖਣ ਦੀ ਰੁਚੀ ਅਤੇ ਰਚਨਾਤਮਕਤਾ ਦਾ ਵਿਕਾਸ ਹੋਵੇਗਾ।

5. ਆਲੋਚਨਾਤਮਕ ਦ੍ਰਿਸ਼ਟੀ: ਵਿਦਿਆਰਥੀ ਸਾਹਿਤ ਦੇ ਪ੍ਰਯੋਜਨ ਨੂੰ ਪਛਾਣ ਕੇ ਇਹ ਨਿਰਣਾ ਲੈਣ ਦੇ ਯੋਗ ਹੋਣਗੇ ਕਿ ਕੋਈ ਰਚਨਾ ਸਮਾਜਿਕ ਤਬਦੀਲੀ ਵਿੱਚ ਕੀ ਭੂਮਿਕਾ ਨਿਭਾਉਂਦੀ ਹੈ।

ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27,2027-28 ਅਤੇ 2028-2029 ਤੱਕ

ਬੀ.ਏ.ਭਾਗ ਤੀਜਾ (ਸਮੈਸਟਰ ਛੇਵਾਂ)

ਮੁੱਖ ਕੋਰਸ

ਪੰਜਾਬੀ ਸਾਹਿਤ-6

ਪੇਪਰ ਕੋਡ: BA601

ਕੁੱਲ ਅੰਕ : 100 **ਪਾਸ ਅੰਕ : 35%**

ਅੰਦਰੂਨੀ ਮੁਲਾਂਕਣ : 30 **ਕੁੱਲ ਕ੍ਰੈਡਿਟ: 04**

ਬਾਹਰੀ ਪ੍ਰੀਖਿਆ: 70 **ਸਮਾਂ : 3 ਘੰਟੇ**

ਅਧਿਆਪਨ: 06 ਪੀਰੀਅਡ ਪ੍ਰਤੀ ਹਫ਼ਤਾ

ਪਾਠ-ਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ-ਓ

ਓ-1. ਪੰਜਾਬੀ ਸਾਹਿਤ ਦਾ ਇਤਿਹਾਸ (ਆਦਿ ਕਾਲ ਤੋਂ 1700 ਈ. ਤੱਕ) : ਪਰਮਿੰਦਰ ਸਿੰਘ, (ਪੰਜਾਬੀ ਯੂਨੀਵਰਸਿਟੀ, ਪਟਿਆਲਾ)।

(ਸਾਹਿਤਕ ਧਾਰਾਵਾਂ, ਸਾਹਿਤਕ ਰੂਪ ਅਤੇ ਪ੍ਰਵਿਰਤੀਆਂ ਬਾਰੇ ਪ੍ਰਸ਼ਨ ਪੁੱਛੇ ਜਾਣ)। **12 ਅੰਕ**

ਓ-2. ਸਾਹਿਤ ਸਿਧਾਂਤ : ਸਾਹਿਤ ਦੀ ਪਰਿਭਾਸ਼ਾ ਅਤੇ ਪ੍ਰਯੋਜਨ, ਸਾਹਿਤ ਦੇ ਤੱਤ।

ਸਾਹਿਤ ਅਤੇ ਹੋਰ ਅਨੁਸ਼ਾਸਨ: ਸਾਹਿਤ ਅਤੇ ਸਮਾਜ, ਸਾਹਿਤ ਅਤੇ ਮਨੋਵਿਗਿਆਨ, ਸਾਹਿਤ ਅਤੇ ਇਤਿਹਾਸ, ਸਾਹਿਤ ਅਤੇ ਧਰਮ, ਸਾਹਿਤ ਅਤੇ ਸ਼ਖ਼ਸੀਅਤ, ਸਾਹਿਤ ਅਤੇ ਰਾਜਨੀਤੀ, ਸਾਹਿਤ ਅਤੇ ਵਿਚਾਰਧਾਰਾ, ਸਾਹਿਤ ਅਤੇ ਸੱਭਿਆਚਾਰ।

12 ਅੰਕ

ਭਾਗ-ਅ

ਅ-1. ਵਾਰਤਕ ਰੂਪ : ਸਫ਼ਰਨਾਮਾ, ਜੀਵਨੀ, ਸਵੈ-ਜੀਵਨੀ (ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ) **12 ਅੰਕ**

ਅ-2. ਆਧੁਨਿਕ ਪੰਜਾਬੀ ਵਾਰਤਕ ਦੀ ਪੁਸਤਕ : ਸਾਹਿਤ ਸੰਜੀਵਨੀ, ਜੰਗ ਬਹਾਦੁਰ ਗੋਇਲ । **12 ਅੰਕ**

ਭਾਗ-ਏ

ਉਪਰੋਕਤ ਪਾਠਕ੍ਰਮ 'ਤੇ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। **11x2=22 ਅੰਕ**

ਅੰਕ ਵੰਡ ਅਤੇ ਪੇਪਰ ਸੈਟਰ/ਪ੍ਰੀਖਿਆਰਥੀ ਲਈ ਹਦਾਇਤਾਂ

1. ਭਾਗ ਓ-1 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ। **12 ਅੰਕ**

2. ਭਾਗ ਓ-2 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ। **12 ਅੰਕ**

3. ਭਾਗ ਅ-1 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਇੱਕ ਪ੍ਰਸ਼ਨ ਕਰਨਾ ਹੋਵੇਗਾ। **12 ਅੰਕ**

4. ਭਾਗ ਅ-2 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਇੱਕ ਪ੍ਰਸ਼ਨ ਕਰਨਾ ਹੋਵੇਗਾ। **12 ਅੰਕ**

5. ਭਾਗ 'ਏ' ਵਿੱਚੋਂ ਸਾਰੇ ਪਾਠਕ੍ਰਮ 'ਤੇ ਆਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। **11x2 = 22 ਅੰਕ**

ਸਹਾਇਕ ਪਾਠ ਸਮੱਗਰੀ

1. ਰਤਨ ਸਿੰਘ ਜੱਗੀ, ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਸਤਿੰਦਰ ਸਿੰਘ, ਵਿਹਾਰਕ ਸਮੀਖਿਆ: ਕਵਿਤਾ ਅਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. ਜੋਗਿੰਦਰ ਸਿੰਘ, ਪਿੰਗਲ ਅਤੇ ਅਰੂਜ਼, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ।
4. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
5. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ।
6. ਮਨਮੋਹਨ ਕੇਸਰ, ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ (ਵੀਹਵੀਂ ਸਦੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ।
7. ਖੋਜ ਪਤ੍ਰਿਕਾ, (ਸਾਹਿਤਕ ਵਾਦ ਅੰਕ 31, 32), ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. ਪੰਜਾਬੀ ਸਾਹਿਤ ਦਾ ਇਤਿਹਾਸ (1901 ਤੋਂ 1995): ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ।
9. ਆਧੁਨਿਕ ਪੰਜਾਬੀ ਸਾਹਿਤ ਦੀ ਰੂਪ-ਰੇਖਾ (1901 ਤੋਂ 1970): ਜੋਗਿੰਦਰ ਸਿੰਘ।